Waheguru Ji Ka Khalsa,
Waheguru Ji Ki Fateh

Today's Hukamnama *Friday 06-11-2026*

ਧਨਾਸਰੀ ਮਹਲਾ ੫ ॥

Dhanaasaree, Fifth Mehl:

ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥

The Lord and Master destroys the pain of the poor; He preserves and protects the honor of His servants.

ਸਾਹਿਬ ਮਸਕੀਨਾਂ ਦੇ ਦੁੱਖ ਦੂਰ ਕਰਦਾ ਹੈ ਅਤੇ ਖੁਦ ਹੀ ਆਪਣੇ ਦਾਸਾਂ ਦੀ ਇੱਜ਼ਤ-ਆਬਰੂ ਬਚਾਉਂਦਾ ਹੈ।

ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ ॥੧॥

The Lord is the ship to carry us across; He is the treasure of virtue - pain cannot touch Him. ||1||

ਸੰਸਾਰ ਸਾਗਰ ਤੋਂ ਪਾਰ ਉਤਰਨ ਲਈ ਵਾਹਿਗੁਰੂ ਇਕ ਜਹਾਜ਼ ਅਤੇ ਨੇਕੀ ਦਾ ਖਜਾਨਾ ਹੈ। ਦੁੱਖ ਉਸ ਨੂੰ ਪੋਹ ਨਹੀਂ ਸਕਦਾ।

ਸਾਧੂ ਸੰਗਿ ਭਜਹੁ ਗੁਪਾਲ ॥

In the Saadh Sangat, the Company of the Holy, meditate, vibrate upon the Lord of the world.

ਸਤਿ ਸੰਗਤ ਅੰਦਰ ਤੂੰ ਸੰਸਾਰ ਦੇ ਪਾਲਣ-ਪੋਸਣਹਾਰ ਸੁਆਮੀ ਦਾ ਸਿਮਰਨ ਕਰ।

ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥

I cannot think of any other way; make this effort, and make it in this Dark Age of Kali Yuga.

||Pause||

ਮੈਨੂੰ ਹੋਰ ਕੋਈ ਤਰੀਕਾ ਨਹੀਂ ਔੜਦਾ, ਤੂੰ ਆਪ ਹੀ ਉਪਰਾਲਾ ਕਰ ਕੇ ਕਲਯੁੱਗ ਦਾ ਸਮਾਂ ਬਤੀਤ ਕਰਾ, ਠਹਿਰਾਉ।

ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥

In the beginning, and in the end, there is none other than the perfect, merciful Lord.

ਮੁੱਢ ਅਤੇ ਅਖੀਰ ਵਿੱਚ ਉਸ ਮਿਹਰਬਾਨ ਅਤੇ ਵਿਆਪਕ ਸੁਆਮੀ ਦੇ ਬਗੈਰ ਹੋਰ ਕੋਈ ਨਹੀਂ।

ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥੨॥

The cycle of birth and death is ended, chanting the Lord's Name, and remembering the Lord Master in meditation. ||2||

ਵਾਹਿਗੁਰੂ ਦੇ ਨਾਮ ਦਾ ਉਚਾਰਨ ਤੇ ਉਸ ਸਾਹਿਬ ਦਾ ਆਰਾਧਨ ਕਰਨ ਦੁਆਰਾ, ਤੂੰ ਆਪਣੇ ਜੰਮਣ ਅਤੇ ਮਰਣ ਨੂੰ ਖਤਮ ਕਰ।

ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥

The Vedas, the Simritees, the Shaastras and the Lord's devotees contemplate Him;

ਵੇਦ, ਸਿੰਮ੍ਰਤੀਆਂ ਅਤੇ ਸ਼ਾਸਤਰ ਆਖਦੇ ਹਨ ਅਤੇ ਸਾਧੂ ਸੋਚ ਵਿਚਾਰ ਕੇ ਦੱਸਦੇ ਹਨ,

ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥੩॥

liberation is attained in the Saadh Sangat, the Company of the Holy, and the darkness of ignorance is dispelled. ||3||

ਕਿ ਸਤਿ ਸੰਗਤ ਅੰਦਰ ਕਲਿਆਣ ਪ੍ਰਾਪਤ ਹੋ ਜਾਂਦੀ ਹੈ ਅਤੇ ਅਗਿਆਨਤਾ ਦਾ ਅਨ੍ਹੇਰਾ ਦੂਰ ਹੋ ਜਾਂਦਾ ਹੈ।

ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥

The lotus feet of the Lord are the support of His humble servants.

They are his only capital and investment.

ਸਾਈਂ ਦੇ ਚਰਨ-ਕੰਵਲ ਹੀ ਉਸ ਦੇ ਗੋਲੇ ਦਾ ਆਸਰਾ ਹਨ, ਅਤੇ ਕੇਵਲ ਉਹ ਹੀ ਉਸ ਦੀ ਰਾਸ ਤੇ ਮੂੜੀ ਹਨ।

ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥੪॥੨॥੨੦॥

The True Lord is Nanak's strength, honor and support; He alone is his protection. ||4||2||20||

ਸੱਚਾ ਸੁਆਮੀ ਨਾਨਕ ਦੀ ਸੱਤਿਆ, ਇੱਜ਼ਤ ਅਤੇ ਆਸਰਾ ਹੈ ਅਤੇ ਕੇਵਲ ਉਹ ਹੀ ਉਸ ਦੀ ਪਨਾਹ ਹੈ।